# Visit of Foreign Secretary to Afghanistan (February 28-29 2020)

February 29, 2020

………………………………………………………………………………………………………..

## ਵਿਦੇਸ਼ ਸਕੱਤਰ ਦੀ ਅਫਗਾਨਿਸਤਾਨ ਯਾਤਰਾ (28-29 ਫਰਵਰੀ, 2020)

29 ਫਰਵਰੀ, 2020

1. ਵਿਦੇਸ਼ ਸਕੱਤਰ ਸ਼੍ਰੀ ਹਰਸ਼ ਵਰਧਨ ਸ਼ਰਿੰਗਲਾ ਨੇ 28-29 ਫਰਵਰੀ, 2020 ਨੂੰ ਅਫਗਾਨਿਸਤਾਨ ਦੀ ਯਾਤਰਾ ਕੀਤੀ। ਉਨਾਂ ਵੱਲੋਂ ਇਕ ਮਹੀਨਾ ਪਹਿਲਾਂ ਭਾਰਤੀ ਵਿਦੇਸ਼ ਸਕੱਤਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਇਹ ਉਨਾਂ ਦੀ ਪਹਿਲੀ ਵਿਦੇਸ਼ ਯਾਤਰਾ ਸੀ ਅਤੇ ਇਹ ਦੋਵਾਂ ਦੇਸ਼ਾਂ ਵਿਚਾਲੇ ਦੀ ਰਣਨੀਤਕ ਭਾਈਵਾਲੀ ਨੂੰ ਉਜਾਗਰ ਕਰਦੀ ਹੈ।

2. ਆਪਣੀ ਯਾਤਰਾ ਦੌਰਾਨ ਵਿਦੇਸ਼ ਸਕੱਤਰ ਨੇ ਰਾਸ਼ਟਰਪਤੀ ਡਾ. ਅਸ਼ਰਫ ਗਨੀ, ਮੁੱਖ ਕਾਰਜਕਾਰੀ ਡਾ: ਅਬਦੁੱਲਾ ਅਬਦੁੱਲਾ ਅਤੇ ਸਾਬਕਾ ਰਾਸ਼ਟਰਪਤੀ ਸ੍ਰੀ ਹਾਮਿਦ ਕਰਜ਼ਈ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਪਹਿਲੇ ਚੁਣੇ ਗਏ ਉਪ-ਰਾਸ਼ਟਰਪਤੀ ਸ੍ਰੀ ਅਮਰੁਲਾ ਸਾਲੇਹ, ਰਾਸ਼ਟਰੀ ਸੁਰੱਖਿਆ ਸਲਾਹਕਾਰ  ਡਾ. ਹਮਦੁੱਲਾਹ ਮੋਹਿਬ, ਕਾਰਜਕਾਰੀ ਵਿਦੇਸ਼ ਮੰਤਰੀ ਸ੍ਰੀ ਮੁਹੰਮਦ ਹਾਰੂਨ ਚਾਖਨਸੂਰੀ ਅਤੇ ਕਾਰਜਕਾਰੀ ਵਿੱਤ ਮੰਤਰੀ ਸ੍ਰੀ ਅਬਦੁੱਲ ਜ਼ਦਰਨ ਨਾਲ ਵੀ ਮੁਲਾਕਾਤ ਕੀਤੀ। ਉਨਾਂ ਨੇ ਰਾਜਨੀਤੀ, ਮੀਡੀਆ, ਨਾਗਰਿਕ ਸਮਾਜ ਅਤੇ ਸਿੱਖਿਆ ਦੇ ਖੇਤਰਾਂ ਨਾਲ ਜੁੜੇ ਅਫਗਾਨ ਆਗੂਆਂ ਨਾਲ ਵੱਖਰੇ ਤੌਰ 'ਤੇ ਗੱਲਬਾਤ ਕੀਤੀ।

3. ਅਫਗਾਨ ਆਗੂਆਂ ਨਾਲ ਆਪਣੀਆਂ ਮੁਲਾਕਾਤਾਂ ਦੌਰਾਨ ਵਿਦੇਸ਼ ਸਕੱਤਰ ਨੇ ਦੋਵਾਂ ਗੁਆਂਢੀਆਂ ਅਤੇ ਰਣਨੀਤਕ ਭਾਈਵਾਲਾਂ ਵਿਚਾਲੇ ਰਾਜਨੀਤਿਕ, ਆਰਥਿਕ ਅਤੇ ਵਿਕਾਸ ਦੇ ਮਾਮਲਿਆਂ 'ਚ ਭਾਈਵਾਲੀ ਮਜ਼ਬੂਤ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ। ਉਨਾਂ ਨੇ ਆਜ਼ਾਦ, ਪ੍ਰਭੂਸੱਤਾਪੂਰਨ, ਲੋਕਤੰਤਰੀ, ਵੰਨ ਸੁਵੰਨੇ ਅਤੇ ਸਮਾਵੇਸ਼ੀ ਅਫਗਾਨਿਸਤਾਨ, ਜਿਸ ਅੰਦਰ ਅਫ਼ਗਾਨੀ ਸਮਾਜ ਦੇ ਸਾਰੇ ਵਰਗਾਂ ਦੇ ਹਿੱਤ ਸੁਰੱਖਿਅਤ ਹੋਣ, ਪ੍ਰਤੀ ਭਾਰਤ ਦਾ ਲਗਾਤਾਰ ਸਮਰਥਨ ਦੁਹਰਾਇਆ। ਉਨ੍ਹਾਂ ਨੇ ਅਫਗਾਨੀ ਅਗਵਾਈ, ਮਲਕੀਅਤ ਅਤੇ ਕੰਟਰੋਲ ਵਾਲੀ ਸਦੀਵੀ ਅਤੇ ਸਮਾਵੇਸ਼ੀ ਸ਼ਾਂਤੀ ਅਤੇ ਮੇਲ-ਮਿਲਾਪ ਕਾਇਮ ਕਰਨ ਪ੍ਰਤੀ ਭਾਰਤ ਦੇ ਸਮਰਥਨ ਬਾਰੇ ਕਿਹਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਫਗਾਨਿਸਤਾਨ ਵਿੱਚ ਟਿਕਾਊ ਸ਼ਾਂਤੀ ਬਣਾਏ ਰੱਖਣ ਲਈ ਬਾਹਰੋਂ ਸਪਾਂਸਰ ਕੀਤੇ ਹੋਏ ਅੱਤਵਾਦ ਦਾ ਅੰਤ ਕਰਨ ਦੀ ਲੋੜ ਹੈ।

4. ਵਿਦੇਸ਼ ਸਕੱਤਰ ਨੇ ਚੌਥੀਆਂ ਰਾਸ਼ਟਰਪਤੀ ਚੋਣਾਂ ਦੇ ਸਫਲ ਹੋਣ ਅਤੇ ਆਖਰੀ ਨਤੀਜੇ ਐਲਾਨੇ ਜਾਣ 'ਤੇ ਲੋਕਾਂ ਅਤੇ ਅਫਗਾਨਿਸਤਾਨੀ ਸਰਕਾਰ ਨੂੰ ਵਧਾਈ ਦਿੱਤੀ। ਤਾਜ਼ਾ ਘਟਨਾਵਾਂ ਬਾਰੇ ਗੱਲ ਕਰਦਿਆਂ ਅਤੇ ਤਾਜ਼ਾ ਘਟਨਾਕ੍ਰਮ ਤੋਂ ਪੈਦਾ ਹੋਈ ਸ਼ਾਂਤੀ ਦੀ ਉਮੀਦ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਸਿਆਸੀ ਲੀਡਰਸ਼ਿਪ ਦੇ ਸਾਰੇ ਵਰਗਾਂ ਲਈ ਦੇਸ਼ ਦੇ ਲੋਕਾਂ ਨੂੰ ਟਿਕਾਊ ਅਮਨ -ਸ਼ਾਂਤੀ ਅਤੇ ਸੁਰੱਖਿਆ ਦੇਣ ਲਈ ਮਿਲਜੁਲ ਕੇ ਕੰਮ ਕਰਨ ਦੀ ਲੋੜ ਦੁਹਰਾਈ।

5. ਅਫਗਾਨਿਸਤਾਨੀ ਲੀਡਰਸ਼ਿਪ ਨੇ ਅਫਗਾਨਿਸਤਾਨ ਦੀ ਸ਼ਾਂਤੀ, ਵਿਕਾਸ ਅਤੇ ਖੁਸ਼ਹਾਲੀ ਲਈ ਭਾਰਤੀ ਸਮਰਥਨ ਦੀ ਡੂੰਘੀ ਪ੍ਰਸ਼ੰਸਾ ਕੀਤੀ, ਜਿਸ ਵਿਚ ਖੇਤਰੀ ਸੰਪਰਕ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਜਿਵੇਂ ਚਾਹਬਹਾਰ ਬੰਦਰਗਾਹ ਦਾ ਕੱਮਕਾਜ ਅਤੇ ਭਾਰਤ ਅਤੇ ਅਫਗਾਨਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿਚ ਏਅਰ ਫ੍ਰੇਟ ਕੋਰੀਡੋਰ ਦੀ ਸਥਾਪਨਾ ਸ਼ਾਮਲ ਹੈ। ਇਸ ਦੌਰੇ ਦੇ ਦੌਰਾਨ ਅਫਗਾਨਿਸਤਾਨ ਦੇ ਬਾਮੀਆਨ ਅਤੇ ਮਜ਼ਾਰ-ਏ-ਸ਼ਰੀਫ ਪ੍ਰਾਂਤਾਂ ਵਿਚ ਸੜਕ ਵਿਕਾਸ ਪ੍ਰਾਜੈਕਟਾਂ ਲਈ ਸਮਝੌਤੇ 'ਤੇ ਦਸਤਖਤ ਕੀਤੇ ਗਏ। ਨਵੀਂ ਵਿਕਾਸ ਭਾਈਵਾਲੀ ਨੂੰ ਲਾਗੂ ਕਰਨ ਲਈ ਮਿਲਜੁਲ ਕੇ ਕੰਮ ਕਰਨ ਅਤੇ ਰਣਨੀਤਕ ਭਾਈਵਾਲੀ ਸਮਝੌਤੇ ਮੁਤਾਬਕ ਸਹਿਯੋਗ ਨੂੰ ਹੋਰ ਅੱਗੇ ਵਧਾਉਣ ਲਈ ਸਹਿਮਤੀ ਪ੍ਰਗਟਾਈ ਗਈ।

ਕਾਬੁਲ
29 ਫਰਵਰੀ, 2020

DISCLAIMER : This is an approximate translation. The original is available in English on MEA’s website and may be referred to as the official press release.